COHERENCE – The Multidisciplinary Research Journal
Volume No: 17, Issue No: 2, Year: 2026 (November)
PP: 226-231
ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਗਿੱਲ ਮੋਰਾਂਵਾਲੀ ਦੀ ਕਵਿਤਾ ਵਿੱਚ ਨਾਰੀ ਦੀ ਹੋਂਦ ਅਤੇ ਪਛਾਣ ਦੇ ਮਸਲੇ

ਵੰਦਨਾ

ਅਸਿਸਟੈਂਟ ਪ੍ਰੋਫ਼ੈਸਰ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਲ ਲਾਈਨਜ਼, ਲੁਧਿਆਣਾ

ABSTRACT

If Gill Moranwali's poetry is read in the context of female thought and consciousness, then his poetic vision is seen as addressing the issues of female existence and identity, linked to human sensitivity and social justice. In his poetry, the woman is not just an emotional character but is seen struggling with social conditions. He presents the injustice and pressure on women in the patriarchal society in an uncompromising manner. He portrays women as tolerant, courageous and a partner in social struggle instead of weak, giving women equal status in a patriarchal society, and in his poetic vision, he seems to be sympathetic to the plight of women. In Gill Moranwali's poetry, the issues of female existence and complete identity have emerged, which I have try the basic themes and feminist perspectives of my research paper. So, Gill Moranwali is known as a great and sympathetic poet of the Punjabi Poerty.

Keywords: Feminine sensitivity, emotionality, patriarchal society, injustice, social norms.

ਸਾਰੰਸ਼ (Abstract)

ਗਿੱਲ ਮੋਰਾਂਵਾਲੀ ਦੀ ਕਵਿਤਾ ਨੂੰ ਜੇਕਰ ਨਾਰੀ ਚਿੰਤਨ ਅਤੇ ਚੇਤਨਾ ਦੇ ਸੰਦਰਭ ਵਿਚ ਵਾਚਿਆ ਜਾਵੇ ਤਾਂ ਉਸ ਦੀ ਕਾਵਿ ਦ੍ਰਿਸ਼ਟੀ ਨਾਰੀ ਦੀ ਹੋਂਦ ਅਤੇ ਪਛਾਣ ਦੇ ਮਸਲਿਆਂ ਨੂੰ ਮੁਖਾਤਿਬ ਹੁੰਦੀ ਹੋਈ ਮਨੁੱਖੀ ਸੰਵੇਦਨਾ ਅਤੇ ਸਮਾਜਿਕ ਨਿਆਂ ਦੇ ਨਾਲ ਜੁੜੀ ਹੋਈ ਨਜ਼ਰ ਆਉਂਦੀ ਹੈ। ਉਸ ਦੀ ਕਵਿਤਾ ਵਿਚ ਨਾਰੀ ਕੇਵਲ ਇਕ ਭਾਵੁਕ ਪਾਤਰ ਨਹੀਂ ਬਲਕਿ ਸਮਾਜਿਕ ਪਰਿਸਥਿਤੀਆਂ ਨਾਲ ਜੂਝਦੀ ਹੋਈ ਸੰਘਰਸ਼ ਕਰਦੀ ਨਜ਼ਰ ਆਉਂਦੀ ਹੈ। ਪਿੱਤਰ ਸੱਤਾਤਮਕ ਸਮਾਜ ਵਿਚ ਨਾਰੀ ਉੱਪਰ ਹੋ ਰਹੇ ਅਨਿਆ, ਦਬਾਅ ਨੂੰ ਬੇਬਾਕੀ ਰੂਪ ਵਿਚ ਪੇਸ਼ ਕਰਦਾ ਹੈ। ਨਾਰੀ ਨੂੰ ਕਮਜ਼ੋਰ ਦੀ ਬਜਾਇ ਸਹਿਣਸ਼ੀਲ, ਬੁਲੰਦ ਹੌਂਸਲੇ ਅਤੇ ਸਮਾਜਿਕ ਸੰਘਰਸ਼ ਦੀ ਸਾਥੀ ਵਜੋਂ ਚਿਤਰਦਾ ਹੋਇਆ ਨਾਰੀ ਨੂੰ ਪੁਰਖ ਪ੍ਰਧਾਨ ਸਮਾਜ ਵਿਚ ਸਮਾਨਤਾ ਦਰਜਾ ਦਿੰਦਾ ਹੋਇਆ ਆਪਣੀ ਕਾਵਿ ਦ੍ਰਿਸ਼ਟੀ ਵਿਚ ਔਰਤ ਦੀ ਹੂਕ ਦਾ ਹਮਦਰਦ ਬਣਦਾ ਦਿਖਾਈ ਦਿੰਦਾ ਹੈ। ਗਿੱਲ ਮੋਰਾਂਵਾਲੀ ਕਾਵਿ ਵਿਚ ਨਾਰੀ ਦੀ ਹੋਂਦ ਅਤੇ ਪੂਰਨ ਪਛਾਣ ਦੇ ਮਸਲੇ ਉੱਭਰ ਕੇ ਪੇਸ਼ ਹੋਏ ਹਨ ਜਿਨ੍ਹਾਂ ਨੂੰ ਮੈਂ ਆਪਣੇ ਖੋਜ ਪੱਤਰ ਦਾ ਮੂਲ ਆਧਾਰ ਬਣਾਇਆ ਹੈ।

ਕੁੰਜੀ ਸ਼ਬਦ (Keywords) : ਨਾਰੀ ਸੰਵੇਦਨਾ, ਭਾਵੁਕਤਾ, ਪਿੱਤਰ ਸੱਤਾ ਸਮਾਜ, ਅਨਿਆਂ, ਸਮਾਜਿਕ ਮਾਪਦੰਡ।

ਪ੍ਰਸਤਾਵਨਾ (Introduction)

ਆਧੁਨਿਕ ਪੰਜਾਬੀ ਜਗਤ ਦੇ ਨਾਮਵਰ ਹਸਤਾਖਰਾਂ ਸ਼ਿਵ ਕੁਮਾਰ ਬਟਾਲਵੀ ਅਤੇ ਸ.ਸ. ਮੀਸ਼ਾ ਦੇ ਗੂੜ੍ਹੇ ਮਿੱਤਰ ਅਤੇ ਪ੍ਰਸਿੱਧ ਪੰਜਾਬੀ ਸ਼ਾਹਿਰ ਗਿੱਲ ਮੋਰਾਂਵਾਲੀ ਨੇ ਕੈਨੇਡਾ ਦੀ ਧਰਤੀ ਨੂੰ ਆਪਣੀ ਕਰਮਭੂਮੀ ਬਣਾਇਆ ਹੈ। ਗਿੱਲ ਮੋਰਾਂਵਾਲੀ ਪੰਜਾਬੀ ਕਾਵਿ-ਜਗਤ ਦਾ ਅਜਿਹਾ ਹਸਤਾਖ਼ਰ ਹੈ ਜਿਹੜਾ ਕਾਵਿ-ਬੋਧ ਪੱਖੋਂ ਨਵੀਆਂ ਪੈੜਾਂ ਪਾ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਵਿਦੇਸ਼ੀ ਧਰਤੀ ਤੇ ਰਹਿਣ ਦੇ ਬਾਵਜੂਦ ਆਪਣੀ ਮਿੱਟੀ ਨਾਲ ਉਸਦਾ ਅੰਤਾਂ ਦਾ ਮੋਹ ਹੈ। ਸਮਕਾਲੀ ਪੰਜਾਬੀ ਲੇਖਕਾਂ ਵਾਂਗ ਪੱਛਮੀ ਸਭਿਅਚਾਰ ਵਿੱਚ ਭੋਗ ਵਿਲਾਸ ਦੀ ਖੁੱਲ੍ਹ ਨੂੰ ਚਿਤਰਨ ਦੀ ਬਜਾਏ ਮਾਨਵੀ ਹੋਂਦ ਦੇ ਵਿਭਿੰਨ ਮਸਲਿਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ। ਗਿੱਲ ਮੋਰਾਂਵਾਲੀ ਦੀ ਸਮੁੱਚੀ ਕਾਵਿ-ਰਚਨਾ ਨਾਰੀ ਹੋਂਦ ਦੇ ਮਸਲਿਆਂ ਨੂੰ ਸਮਰਪਿਤ ਹੈ। ਉਸ ਦੀ ਕਲਮ ਨਾਰੀ ਜਾਤੀ ਦੇ ਸਤਿਕਾਰ ਦੀ ਪੁਰਜ਼ੋਰ ਵਕਾਲਤ ਕਰਦੀ ਹੈ। ਸ਼ਾਇਰ ਮਰਦ ਪ੍ਰਧਾਨ ਸਮਾਜ ਦੇ ਅੰਦਰ ਸਥਾਪਤ ਮਾਨਸਿਕਤਾ ਨੂੰ ਬਦਲਣਾ ਲੋਚਦਾ ਹੈ। ਨਾਰੀ ਦੀ ਹੋਂਦ, ਸਮਾਜਿਕ ਅਵਸਥਾ ਵਿਚ ਅਜਿਹੀ ਇਨਕਲਾਬੀ ਸੋਚ ਦੀ ਕਲਪਨਾ ਕਰਦਾ ਹੈ ਜਿੱਥੇ ਔਰਤ ਨਾਲ ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ। ਨਾਰੀ ਦੇ ਅੰਤਰੀਵ ਦੁਖਾਂਤ ਨੂੰ ਸਹਿਜੇ ਅਤੇ ਸੁਭਾਵਿਕ

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਰੂਪ ਵਿਚ ਅਭਿਵਿਅਕਤ ਕਰਦਾ ਹੋਇਆ ਮਨੋਵਿਗਿਆਨਕ ਸੋਝੀ ਨਾਲ ਪਿੱਤਰ ਸੱਤਾਤਮਕ ਸਮਾਜ ਵਿਚਲੀ ਮਾਨਸਿਕਤਾ ਨੂੰ ਬਦਲਣਾ ਚਾਹੁੰਦਾ ਹੈ।

ਸਾਹਿਤ ਸਮੀਖਿਆ (Literature Review)

ਅਜੋਕੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਗਿੱਲ ਮੋਰਾਂਵਾਲੀ ਇਕ ਸਮਰੱਥ ਅਤੇ ਸੰਵੇਦਨਸ਼ੀਲ, ਹਕੀਕਤ ਦੋ ਸੋਝੀ ਵਾਲਾ ਇਕ ਸੁਹਿਰਦ, ਜਾਗਰੂਕ ਅਤੇ ਕਰਮਸ਼ੀਲ ਸ਼ਾਇਰ ਹੋ ਨਿੱਬੜਦਾ ਹੈ, ਜਿਹੜਾ ਨਾਰੀ ਦੀ ਸੰਵੇਦਨਾ ਨੂੰ ਵਿਵੇਕਸ਼ੀਲ ਤੇ ਮੌਲਿਕ ਅੰਦਾਜ ਦੇ ਅੰਤਰਗਤ ਮੂਰਤੀਮਾਨ ਕਰਦਾ ਹੈ। ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਕੈਨੇਡਾ ਵਿੱਚ ਰਹਿ ਕੇ ਅਨੇਕਾਂ ਕਾਵਿ ਸੰਗ੍ਰਹਿਆਂ ਦੀ ਸਿਰਜਣਾ ਕਰ ਚੁੱਕਾ ਹੈ ਅਤੇ ਉਚੇਰੇ ਕਿਸਮ ਦੇ ਸਨਮਾਨ ਸਾਹਿਤਕ ਸਭਾਵਾਂ ਕੋਲੋਂ ਪ੍ਰਾਪਤ ਕਰ ਚੁੱਕਾ ਹੈ। ਗਿੱਲ ਮੋਰਾਂਵਾਲੀ ਨੇ ਆਪਣੀ ਕਲਮ ਦਾ ਸਫ਼ਰ ਪਲੇਠੇ ਕਾਵਿ ਸੰਗ੍ਰਹਿ 'ਹੰਝੂ ਹਉਕੇ' ਨਾਲ 1964 ਵਿੱਚ ਆਰੰਭ ਕੀਤਾ। ਪੰਜਾਬੀ ਭਾਸ਼ਾ ਦੇ ਨਾਲ-ਨਾਲ ਹਿੰਦੀ, ਅੰਗਰੇਜ਼ੀ, ਉਰਦੂ ਆਦਿ ਭਾਸ਼ਾਵਾਂ ਦਾ ਗਿਆਨ ਵੀ ਹੈ। ਵੱਖ-ਵੱਖ ਭਾਸ਼ਾਵਾਂ ਵਿੱਚ ਕਈ ਕਿਤਾਬਾਂ ਦਾ ਅਨੁਵਾਦ, ਲਿਪੀਅੰਤਰ ਅਤੇ ਸੰਪਾਦਨ ਦਾ ਕਾਰਜ ਵੀ ਕੀਤਾ ਹੈ। ਗਿੱਲ ਮੋਰਾਂਵਾਲੀ ਨੇ ਕਵਿਤਾ ਦੀ ਹਰ ਵਿਧਾ ਤੇ ਕਲਮ ਅਜਮਾ ਕੇ ਸਫਲਤਾ ਹਾਸਿਲ ਕੀਤੀ ਹੈ ਜਿਨ੍ਹਾਂ ਵਿੱਚ ਦੋ ਸਤਰੀ ਕਵਿਤਾ, ਚੌਬਰਗ, ਸਲੋਕ, ਦੋਹੇ, ਰੁਬਾਈਆਂ, ਨਜ਼ਮਾਂ, ਗ਼ਜ਼ਲਾਂ ਦੀ ਸਿਰਜਣਾ ਕਰਦਿਆਂ ਇਨ੍ਹਾਂ ਦੀ ਵਿਸ਼ਾਗਤ ਵੱਖਰਤਾ ਨੂੰ ਸਪੱਸ਼ਟ ਕੀਤਾ ਹੈ। ਛੋਟੀ ਤੋਂ ਲੈ ਕੇ ਵੱਡੀ ਬਹਿਰ ਦੀਆਂ ਗ਼ਜ਼ਲਾਂ ਦੀ ਸਫ਼ਲ ਸਿਰਜਣਾ ਕਰਨ ਵਿੱਚ ਵੀ ਗਿੱਲ ਮੋਰਾਂਵਾਲੀ ਮਾਹਿਰ ਗ਼ਜ਼ਲਗੋਆਂ ਦੀ ਕਤਾਰ ਵਿੱਚੋਂ ਪਛਾਣਿਆ ਜਾਂਦਾ ਹੈ। ਗਿੱਲ ਮੋਰਾਂਵਾਲੀ ਦੇ ਸਮੁੱਚੇ ਰਚਨਾ ਸੰਸਾਰ ਵਿਚ ਨਾਰੀ ਚਿੰਤਨ ਅਤੇ ਚੇਤਨਾ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਸ਼ਾਇਰ ਦਾ ਨਾਰੀ ਚਿੰਤਨ ਕਾਲ, ਦੇਸ਼ ਅਤੇ ਸਮੇਂ ਤੋਂ ਪਾਰ ਜਾ ਕੇ ਹਰ ਯੁੱਗ ਦੀ ਨਾਰੀ ਦੀ ਦਸ਼ਾ ਦਾ ਸ਼ਾਬਦਿਕ ਬਿੰਬ ਚਿੱਤਰਦਾ ਹੈ। ਨਾਰੀ ਦੀ ਹੂਕ ਅਤੇ ਕੂਕ ਨੂੰ ਨਵਾਂ ਰੰਗ ਦੇਣ ਦਾ ਸੰਕਲਪ ਦਿੱਤਾ ਹੈ।

ਖੋਜ ਵਿਧੀ (Research Method)

ਗਿੱਲ ਮੋਰਾਂਵਾਲੀ ਦੀ ਸਮੁੱਚੀ ਕਾਵਿ-ਸਿਰਜਣਾ ਦਾ ਕੇਂਦਰੀ ਮੈਟਾਫਰ ਨਾਰੀ ਦੀ ਹੋਂਦ, ਉਸਦੀ ਪਛਾਣ ਕਰਦਿਆਂ ਵੇਦਨਾ-ਸੰਵੇਦਨਾ ਅਤੇ ਸ਼ਕਤੀ ਨਾਲ ਸੰਵਾਦ ਰਚਾਉਣਾ ਹੈ। ਹੱਥਲੇ ਖੋਜ-ਪੱਤਰ ਵਿੱਚ ਗਿੱਲ ਮੋਰਾਂਵਾਲੀ ਦੀ ਕਵਿਤਾ ਵਿੱਚ ਨਾਰੀ ਦੀ ਹੋਂਦ ਅਤੇ ਉਸਦੀ ਪਛਾਣ ਦੇ ਮਸਲਿਆਂ ਨੂੰ ਤਲਾਸ਼ਿਆ ਗਿਆ ਹੈ। ਗਿੱਲ ਮੋਰਾਂਵਾਲੀ ਕਾਵਿ ਨੂੰ ਨਾਰੀਵਾਦੀ ਚੌਖਟੇ ਰਾਹੀਂ ਅਧਿਐਨ ਦੀ ਵਸਤੂ ਵਜੋਂ ਨਿਹਾਰਦੇ ਹਾਂ ਤਾਂ ਇਹ ਕਵਿਤਾ ਨਾਰੀਵਾਦੀ ਮਾਡਲ ਦੇ ਵਿਭਿੰਨ ਪੱਧਰਾਂ ਦਾ ਅਧਿਐਨ ਕਰਦੀ ਹੈ। ਇਹ ਕਵਿਤਾ ਉਤਰ ਨਾਰੀਵਾਦੀ ਸਰੋਕਾਰ ਨੂੰ ਮੁਖਾਤਿਬ ਹੁੰਦੀ ਹੋਈ ਉਨ੍ਹਾਂ ਪ੍ਰਸ਼ਨਾਂ ਦੀ ਪ੍ਰਤੀ ਉਤਰ ਹੋ ਨਿਬੜਦੀ ਹੈ ਜਿਹੜੀ ਨਾਰੀਵਾਦ ਦੇ ਸਿਧਾਂਤਕ ਵਿਕਾਸ ਵਿੱਚ ਰੁਕਾਵਟ ਬਣਦੇ ਹਨ। ਗਿੱਲ ਮੋਰਾਂਵਾਲੀ ਕਾਵਿ ਵਿੱਚ ਅਜਿਹੇ ਨਾਰੀ ਬਿੰਬਾਂ ਦੀ ਸਿਰਜਣਾ ਹੋਈ ਹੈ ਜਿਹੜੇ ਨਾਰੀ ਦੀ ਹੋਂਦ ਅਤੇ ਪੂਰਨ ਪਛਾਣ ਕਾਇਮ ਕਰਨ ਵੱਲ ਰੁਚਿਤ ਹੁੰਦੇ ਹਨ।

ਵਿਸ਼ਲੇਸ਼ਣ (Analysis)

ਸਮੁੱਚੀ ਸ਼ਾਇਰੀ ਵਿੱਚ ਅਜਿਹੇ ਤੱਤ ਮੌਜੂਦ ਹਨ ਜਿਹੜੇ ਸਮੁੱਚੀ ਮਰਦ ਜਾਤੀ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਗਿੱਲ ਮੋਰਾਂਵਾਲੀ ਪਿਤਰਕੀ ਪ੍ਰਭੂਸੱਤਾ ਲਈ ਵੰਗਾਰ ਪੈਦਾ ਕਰਕੇ ਨਾਰੀ ਹੋਂਦ ਦੀ ਸਥਾਪਤੀ ਦਾ ਆਧਾਰ ਸਿਰਜਦਾ ਹੈ। ਕੈਨੇਡਾ ਵਰਗੇ ਅਤਿਵਿਕਸਤ ਦੇਸ਼ ਵਿੱਚ ਰਹਿੰਦਿਆਂ ਹੋਇਆਂ ਅੰਤਰਰਾਸ਼ਟਰੀ ਪੱਧਰ ਤੇ ਪੈਦਾ ਹੋਏ ਨਾਰੀਵਾਦੀ ਚਿੰਤਨ ਨਾਲ ਸੰਵਾਦ ਰਚਾਉਂਦਾ ਹੈ। ਇਸ ਦੇ ਸਮਾਨਾਂਤਰ ਭਾਰਤੀ ਮੂਲ ਨਾਲ ਜੁੜੇ ਅਵਚੇਤਨ ਵਿੱਚ ਘਰ ਕਰ ਚੁੱਕੇ ਨਾਰੀ ਵਿਰੋਧੀ ਮਾਪਦੰਡਾਂ/ਮਾਨਤਾਵਾਂ ਦਾ ਪੁਰਜ਼ੋਰ ਖੰਡਨ/ਵਿਰੋਧ/ਵਿਸਥਾਪਨ ਕਰਕੇ ਨਾਰੀ ਦੀ ਵਿਲੱਖਣ ਹੋਂਦ ਦੇ ਅਰਥਾਂ ਨੂੰ ਪੇਸ਼ ਕਰਦਾ ਹੈ। ਗਿੱਲ ਮੋਰਾਂਵਾਲੀ ਦੀ ਕਵਿਤਾ ਸੰਬੰਧੀ ਡਾ. ਮਿਨਾਕਸ਼ੀ ਰਾਠੌਰ ਦਾ ਵਿਚਾਰ ਵੇਖਣਯੋਗ ਹੈ:

"ਗਿੱਲ ਮੋਰਾਂਵਾਲੀ ਦੀ ਕਵਿਤਾ ਨਾਰੀ ਮਨ ਦੀ ਪੀੜਾ ਤੇ ਵੇਦਨਾ ਨੂੰ ਪੂਰੀ ਸ਼ਿੱਦਤ ਨਾਲ ਪੇਸ਼ ਕਰਦੀ ਹੈ। ਲੇਖਕ ਧੀਆਂ ਦੀ ਵਕਾਲਤ ਕਰਦਾ ਹੋਇਆ ਉਨ੍ਹਾਂ ਨੂੰ ਬੇਸਹਾਰਾ, ਬੇਚਾਰਗੀ ਤੇ ਲਾਚਾਰੀ ਦੀ ਵਲਗਣ ਵਿਸ਼ੇ ਬਾਹਰ ਕੱਢ ਕੇ ਉਨ੍ਹਾਂ ਅੰਦਰ ਆਤਮ-ਸਨਮਾਨ ਪ੍ਰਗਟਾਉਂਦਾ ਹੈ, ਨਾਰੀ ਵਿਰੋਧੀ ਸਥਾਪਿਤ ਕਦਰਾਂ-ਕੀਮਤਾਂ ਨੂੰ ਮੂਲੋਂ ਹੀ ਬਦਲ ਦੇਣਾ ਚਾਹੁੰਦਾ ਹੈ।"1

ਗਿੱਲ ਮੋਰਾਂਵਾਲੀ ਦੀ ਨਾਰੀਵਾਦੀ ਦ੍ਰਿਸ਼ਟੀ ਅੰਤਰਰਾਸ਼ਟਰੀ ਪੱਧਰ ਉਤੇ ਚਲ ਰਹੇ ਨਾਰੀਵਾਦੀ ਸਰੋਕਾਰਾਂ/ਨਾਰੀ ਚੇਤਨਾ ਦੇ ਸਨਮੁੱਖ ਕਾਵਿਕ ਵਿਚਾਰਧਾਰਾ ਨੂੰ ਸਿਰਜਦੀ ਹੈ। ਹਰ ਕਾਵਿ-ਪੁਸਤਕ ਵਿੱਚ ਨਾਰੀ ਦੀ ਹੋਂਦ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਦਾ ਹੈ। ਨਾਰੀ ਆਪਣੀ ਹੋਂਦ ਪ੍ਰਤੀ, ਚੇਤੰਨ ਹੋਣ ਦੇ ਬਾਵਜੂਦ ਸਮਾਜ ਵਿਚਲੀਆਂ ਦੁਸ਼ਵਾਰੀਆਂ ਅਧੀਨ ਹੀਣ-ਭਾਵਨਾ ਦਾ ਸ਼ਿਕਾਰ ਹੁੰਦੀ ਹੈ। ਸਮਾਜ ਦੀਆਂ ਗਲਤ

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਧਾਰਨਾਵਾਂ ਦਾ ਵਿਰੋਧ ਕਰਦਿਆਂ ਸਦੀਆਂ ਤੋਂ ਦੱਬੀ ਕੁਚਲੀ ਔਰਤ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰ ਕੇ ਉਸਦੀ ਹੋਂਦ ਅਤੇ ਹੱਕਾਂ ਦੀ ਪਹਿਚਾਣ ਨੂੰ ਸਥਾਪਿਤ ਕਰਵਾਉਂਦਾ ਹੈ:

ਫ਼ਰਜ਼ਾਂ ਖਾਤਰ ਚੁੱਪ ਸੀ, ਅੱਜ ਪਈ ਹੈ ਬੋਲ।

ਔਰਤ ਪਾ ਕੇ ਤੱਕੜੀ, ਹੱਕ ਰਹੀ ਹੈ ਤੋਲ।2

ਪਹਿਲੀ ਔਰਤ ਹੋਰ ਸੀ, ਔਰਤ ਹੁਣ ਦੀ ਹੋਰ।

ਪਹਿਲਾਂ ਫ਼ਰਜਾਂ ਤੇ ਸਿਗਾ, ਹੁਣ ਹੱਕਾਂ ਤੇ ਜ਼ੋਰ।3

ਲੰਮੇ ਸਮੇਂ ਤੋਂ ਪੱਛਮੀ ਸਮਾਜ ਦਾ ਵਸਨੀਕ ਹੋਣ ਦੇ ਬਾਵਜੂਦ ਭਾਰਤੀ ਸਮਾਜ ਵਿੱਚ ਹੋ ਰਹੇ ਘਿਨਾਉਣੇ ਅਪਰਾਧਾਂ ਦਾ ਪੁਰਜ਼ੋਰ ਖੰਡਨ ਕਰਦਾ ਹੈ। ਔਰਤ ਉਤੇ ਕੀਤਾ ਜਾਣ ਵਾਲਾ ਸਭ ਤੋਂ ਪਹਿਲਾਂ ਜ਼ੁਲਮ ਇਹ ਹੈ ਕਿ ਧੀ ਨੂੰ ਜਨਮ ਲੈਂਦਿਆਂ ਸਾਰ ਹੀ ਮਾਰ ਦਿੱਤਾ ਜਾਂਦਾ ਸੀ ਪਰ ਅਜੋਕੇ ਸਮੇਂ ਵਿੱਚ ਧੀ ਨੂੰ ਅਣਜੰਮਿਆਂ ਹੀ ਮਾਰ ਦਿੱਤਾ ਜਾਂਦਾ ਹੈ। ਸਮਾਜ ਵਿੱਚ ਭਰੂਣ ਹੱਤਿਆ ਨੇ ਇਕ ਅਸਾਵਾਂਪਣ ਪੈਦਾ ਕਰ ਦਿੱਤਾ ਹੈ। ਭਰੂਣ ਹੱਤਿਆ ਦੇ ਵਿਰੋਧ ਵਿੱਚ ਅਣਜੰਮੀ ਧੀ ਦੀ ਪੁਕਾਰ ਵਿੱਚ ਮਾਪਿਆਂ ਨੂੰ ਸੰਬੋਧਿਤ ਸੁਰ ਵਿੱਚ ਅਲਾਪਦਾ ਹੋਇਆ ਸ਼ਾਇਰ ਆਖਦਾ ਹੈ:

ਸੁਣ ਮਾਏ ਸੁਣ ਬਾਬਲਾ,

ਇਸਨੂੰ ਕਹਿਣ ਸਰਾਪ।

ਜੰਮਣੋਂ ਪਹਿਲਾਂ ਮਾਰ ਨਾ

ਧੀ ਦਾ ਲਗਣਾ ਪਾਪ।4

ਗੁਰਬਾਣੀ ਵਿੱਚ ਨਾਰੀ ਨੂੰ ਹਮੇਸ਼ਾ ਸਤਿਕਾਰਯੋਗ ਸਥਾਨ ਮਿਲਿਆ ਹੈ। ਗੁਰੂ ਨਾਨਕ ਦੇਵ ਜੀ ਨੇ ਨਾਰੀ ਨੂੰ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿ ਕੇ ਨਾਰੀ ਦੀ ਹੋਂਦ ਨੂੰ ਸਥਾਪਿਤ ਕੀਤਾ ਹੈ। ਪਰ ਇਸਦੇ ਬਾਵਜੂਦ ਭਾਰਤੀ ਸਮਾਜ ਵਿੱਚ ਨਾਰੀ ਪ੍ਰਤੀ ਮਰਦ ਦਾ ਨਜ਼ਰੀਆ ਨਿੰਦਣਯੋਗ ਅਤੇ ਖੋਟਪੂਰਨ ਹੀ ਰਿਹਾ ਹੈ। ਗਿੱਲ ਮੋਰਾਂਵਾਲੀ ਮਰਦ ਕਵੀ ਹੋਣ ਦੇ ਨਾਤੇ ਨਾਰੀ ਦੇ ਵਜੂਦ ਨੂੰ ਸਤਿਕਾਰ ਦਾ ਦਰਜਾ ਦਿੰਦਾ ਹੈ। ਨਾਰੀ ਨੂੰ ਜਗ-ਜਨਨੀ ਦਾ ਖਿਤਾਬ ਦੇ ਕੇ ਸਮੁੱਚੀ ਨਾਰੀ ਜਾਤੀ ਨੂੰ ਮਾਣ ਬਖਸ਼ਦਾ ਹੈ। ਗੁਰੂਆਂ, ਪੀਰਾਂ ਤੇ ਪੈਗੰਬਰਾਂ ਨੂੰ ਜਨਮ ਦੇਣ ਵਾਲੀ ਜਗ ਜਨਨੀ ਸਭ ਕੁਝ ਆਪਣਾ ਆਪ ਕੁਰਬਾਨ ਕਰਦੀ ਹੈ। ਮਰਦ ਪ੍ਰਧਾਨ ਸਮਾਜ ਵਿਚਲੀ ਪਿੱਤਰਸੱਤਾ ਨੂੰ ਵੰਗਾਰਦੇ ਹੋਏ ਲੇਖਕ ਨਾਰੀ ਦੀ ਹੋਂਦ ਨੂੰ ਸਥਾਪਿਤ ਕਰਦਾ ਹੈ:

ਪੀਰਾਂ ਤੇ ਪੈਗੰਬਰਾਂ, ਜਨਣੀ ਰਾਜੇ ਰੰਕ

ਬੰਦਾ ਭੰਡੇ ਤੇ ਕਹੇ, ਔਰਤ ਜਾਤ ਕਲੰਕ।5

ਜਿਸ ਨੂੰ ਪੇਟੋਂ ਜਨਮ ਕੇ, ਸਭ ਕੁਝ ਦਿੱਤਾ ਵਾਰ।

ਉਹ ਹੀ ਬੰਦਾ ਨਾ ਕਰੇ, ਔਰਤ ਦਾ ਸਤਿਕਾਰ।6

ਤਨ, ਮਨ, ਧਨ ਸਭ ਵਾਰਦੀ, ਕਰਦੀ ਨਾ ਇਨਕਾਰ।

ਮਿਲਦੀ ਫਿਰ ਵੀ ਮਰਦ ਤੋਂ, ਔਰਤ ਨੂੰ ਦੁਰਕਾਰ।7

ਗਿੱਲ ਮੋਰਾਂਵਾਲੀ ਦੀ ਰਚਨਾ 'ਮੌਸਮ ਦਾ ਸੰਤਾਪ' ਔਰਤ ਦੇ ਸੰਤਾਪ ਨੂੰ ਵਿਭਿੰਨ ਪੱਧਰਾਂ ਤੇ ਪੇਸ਼ ਕਰਦੀ ਹੈ ਭਾਰਤੀ ਔਰਤ ਦੀ ਸਮਾਜਿਕ ਅਤੇ ਮਾਨਸਿਕ ਅਵਸਥਾ ਨੂੰ ਬੜੀ ਸ਼ਿੱਦਤ ਨਾਲ ਬਿਆਨਿਆ ਹੈ। ਔਰਤ ਦੀ ਦੁਰਦਸ਼ਾ ਨੂੰ ਪੇਸ਼ ਕਰਦੀ ਗਿੱਲ ਮੋਰਾਂਵਾਲੀ ਦੀ ਕਵਿਤਾ ਬਾਰੇ ਡਾ. ਭੂਪਿੰਦਰ ਕੌਰ ਦਾ ਵਿਚਾਰ ਗੌਲਣਯੋਗ ਹੈ :

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

"ਇਹ ਰਚਨਾ ਔਰਤ ਦੇ ਜਬਰ, ਜ਼ੁਲਮ, ਤੰਗੀਆਂ ਤੁਰਸ਼ੀਆਂ ਤੇ ਵਿਤਕਰੇ ਦੀ ਹਾਮੀ ਭਰਦੀ ਹੈ। ਮਰਦ ਪ੍ਰਧਾਨ ਸਮਾਜ ਵਿੱਚ ਦਰੜੀ ਜਾ ਰਹੀ ਉਸ ਪਰੰਪਰਾਗਤ ਔਰਤ ਦੇ ਮੂਲ ਜਜ਼ਬਾ ਤੇ ਇਥੇ ਜੀਭਾਂ ਲਾ ਲਾ ਪ੍ਰਗਟ ਹੋਏ ਹਨ ਜਿਹੜੀ ਸੰਸਕਾਰਾਂ ਤੇ ਫ਼ਰਜ਼ਾਂ ਵਿੱਚ ਬੱਝੀ ਉਹ ਵਧੀਕੀਆਂ ਦਾ ਸ਼ਿਕਾਰ ਹੋਈ ਸਦੀਆਂ ਤੋਂ ਹੀ ਚੁੱਪ ਧਾਰੀ ਬੈਠੀ ਸੀ।"8

ਨਾਰੀ ਦੀਆਂ ਵੇਦਨਾਵਾਂ, ਪੀੜਾਂ, ਕਸਕਾਂ ਅਤੇ ਸਮਾਜਿਕ ਸਥਿਤੀ ਨੂੰ ਕਾਵਿ ਦਾ ਕੇਂਦਰ ਬਿੰਦੂ ਮੰਨ ਕੇ ਗਿੱਲ ਮੋਰਾਂਵਾਲੀ ਔਰਤ ਦੀਆਂ ਪੀੜਾਂ ਦਾ ਮਸੀਹਾ ਬਣ ਕੇ ਪੇਸ਼ ਹੁੰਦਾ ਹੈ। 'ਅੰਮੀ ਜਾਈ ਕੀ ਕਰੇ' ਕਾਵਿ ਸੰਗ੍ਰਹਿ ਵਿੱਚ ਅਣਜੰਮੀ ਧੀ ਦੀ ਪੁਕਾਰ ਤੋਂ ਔਰਤ ਦੀ ਮੌਤ ਤੱਕ ਦੇ ਸਫ਼ਰ ਵਿੱਚ ਧੀ ਨਾਲ ਹੋ ਰਹੇ ਵਖਰੇਵੇਂ ਅਤੇ ਅਤਿਆਚਾਰ ਨੂੰ ਗਿੱਲ ਮੋਰਾਂਵਾਲੀ ਨੇ ਦਰਦਮਈ ਰੂਪ ਵਿੱਚ ਬਿਆਨਦਾ ਹੈ:

ਪਹਿਲਾਂ ਜੰਮਣੋਂ ਬਾਅਦ ਹੀ

ਗਲ ਦਿੰਦੇ ਸੀ ਘੁੱਟ।

ਅੰਮੀ ਜਾਈ ਕੀ ਕਰੇ,

ਦੱਬਣ ਟੋਆ ਪੁੱਟ।9

ਨਾਰੀ ਸੰਵੇਦਨਾ ਨੂੰ ਅਭਿਵਿਅਕਤ ਕਰਦੀ ਗਿੱਲ ਮੋਰਾਂਵਾਲੀ ਦੀ ਕਵਿਤਾ ਔਰਤ ਦੀ ਦਰਦਨਾਕ ਦਸ਼ਾ ਨੂੰ ਬਿਆਨਦੀ ਹੈ। ਗਿੱਲ ਮੋਰਾਂਵਾਲੀ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਆਪਣੀ ਕਲਮ ਨੂੰ ਸ਼ਕਤੀਸ਼ਾਲੀ ਹਥਿਆਰ ਦਾ ਮਾਧਿਅਮ ਮੰਨ ਕੇ ਸਮਾਜ ਨੂੰ ਧੀਆਂ ਪ੍ਰਤੀ ਸਤਿਕਾਰ ਤੇ ਬਰਾਬਰੀ ਦਾ ਦਰਜਾ ਦਿਵਾਉਣ ਦੀ ਮੰਗ ਕਰਦਾ ਹੈ। ਧੀ ਅਤੇ ਪੁੱਤਰ ਵਿਚਲਾ ਫਰਕ ਮਿਟਾਉਣ ਵਾਲਾ ਇਹ ਕਾਵਿਕ ਵਰਤਾਰਾ ਪੁਰਾਣੀਆਂ ਮਾਨਤਾਵਾਂ ਨੂੰ ਬਦਲ ਕੇ ਨਵੇਂ ਦਿਸਹੱਦਿਆਂ ਨੂੰ ਸਿਰਜਣ ਵਲ ਅਗਰਸਰ ਹੁੰਦਾ ਹੈ:

ਬੇਟੇ ਖਾਤਰ ਬਾਬਲਾ

ਬੇਟੀ ਨੂੰ ਨਾ ਮਾਰ

ਜੇਕਰ ਬੇਟੀ ਨਾ ਰਹੀ

ਰਹਿਣਾ ਨਾ ਸੰਸਾਰ।10

'ਸੁੱਚਾ ਬਿਰਹਾ ਤੈਂਡੜਾ' 'ਸ਼ਿਵ ਨੂੰ ਯਾਦ ਕਰਦਿਆਂ' ਸ਼ਿਵ ਦੀ ਸਖ਼ਸ਼ੀਅਤ ਨੂੰ ਸੰਬੋਧਿਤ ਰਚਨਾ ਹੈ। ਬਿਰਹੋਂ ਦੇ ਸੰਕਲਪ ਨੂੰ ਪੇਸ਼ ਕਰਦੀ ਇਹ ਰਚਨਾ ਸ਼ਿਵ ਦੇ ਬਿਰਹਾ, ਪਿਆਰ, ਮੌਤ, ਇਸਤਰੀ ਦਸ਼ਾ ਅਤੇ ਆਧੁਨਿਕ ਮਨੁੱਖ ਦੇ ਦੁਖਾਂਤ ਨੂੰ ਹੀ ਨਹੀਂ, ਸਗੋਂ ਅਮਨ, ਦੇਸ਼ ਪਿਆਰ, ਭਗਤੀ, ਪੰਜਾਬੀਅਤ ਆਦਿ ਸਰੋਕਾਰਾਂ ਨੂੰ ਮੁਖਾਤਿਬ ਹੁੰਦੀ ਹੈ। ਸਮਕਾਲੀ ਸਮਾਜ ਪ੍ਰਤੀ ਚੇਤੰਨਤਾ ਪ੍ਰਗਟਾਉਂਦਾ ਹੋਇਆ ਪੂੰਜੀਵਾਦ ਅਤੇ ਜਾਗੀਰੂ ਰੁਚੀਆਂ ਦੀਆਂ ਨੀਤੀਆਂ ਨੂੰ ਨੰਗਾ ਕਰਦਾ ਹੈ। 'ਸ਼ੀਸ਼ੋ' ਵਰਗੀਆਂ ਸੋਹਲ ਜਵਾਨੀਆਂ ਜਦੋਂ ਸ਼ੋਸ਼ਣ ਵਰਗ ਦੇ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ ਤਾਂ ਸ਼ਿਵ ਇਨ੍ਹਾਂ ਕੁਰੀਤੀਆਂ ਅਤੇ ਕੁਕਰਮਾਂ ਨੂੰ ਭੰਡਦਾ ਹੈ। ਗਿੱਲ ਮੋਰਾਂਵਾਲੀ ਨੇ 'ਸ਼ੀਸ਼ੋ' ਦੇ ਕਿਰਦਾਰ ਨਵਾਂ ਜੀਵਨ ਬਖਸ਼ ਕੇ ਚੇਤੰਨ ਆਵਾਜ਼ ਦਿੱਤੀ ਹੈ:

ਸ਼ਿਵ ਇਹ ਬਿਰਹਾ ਤੈਂਡੜਾ

ਰੇਖ 'ਚ ਮਾਰੂ ਮੇਖ।

ਸ਼ੀਸ਼ੋ ਨੇ ਹੁਣ ਜੰਮਣਾ

ਲੈਕੇ ਚੰਗੇ ਲੇਖ।11

ਗਿੱਲ ਮੋਰਾਂਵਾਲੀ ਨੇ ਸਮਾਜ ਵਿਚਲੀ ਨਾਰੀ ਦੇ ਨਾਲ ਹੋ ਰਹੀ ਦੁਰਦਸ਼ਾ ਨੂੰ ਬਿਆਨਿਆ ਹੈ। ਨਾਰੀ ਦੀ ਆਜ਼ਾਦੀ ਅਤੇ ਹੱਕਾਂ ਦੀ ਹਾਮੀ ਭਰੀ ਹੈ। ਲੂਣਾ ਦੇ ਕਿਰਦਾਰ ਨੂੰ ਇਕ ਨਿਧੜਕ ਨਾਰੀ ਦੇ ਚਰਿੱਤਰ ਵਜੋਂ ਪੇਸ਼ ਕਰਕੇ ਉਸ ਸਮੇਂ ਅਤੇ ਅੱਜ ਦੇ ਸਮੇਂ ਦੇ ਸਮਾਜ ਤੇ ਅਜਿਹੇ ਪ੍ਰਸ਼ਨ

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

ਕੀਤੇ ਹਨ ਜੋ ਅਜੇ ਵੀ ਜੁਆਬ ਮੰਗਦੇ ਹਨ। ਗਿੱਲ ਮੋਰਾਂਵਾਲੀ ਨੇ ਸ਼ਿਵ ਦੇ ਨਿੱਜੀ ਦਰਦ ਅਤੇ ਸਮੁੱਚੇ ਨਾਰੀ ਜਗਤ ਦੀ ਵਕਾਲਤ ਕਰਦਿਆਂ ਆਪਣੇ ਵਿਚਾਰਾਂ ਨੂੰ ਪੇਸ਼ ਕਰਦੇ ਹਨ:

ਸ਼ਿਵ ਇਹ ਬਿਰਹਾ ਤੈਂਡੜਾ, ਲੂਣਾ ਲੈ ਕੇ ਨਾਲ।

ਲੂਣਾ ਦੇ ਹੀ ਹਾਣ ਦੀ, ਕਰਦਾ ਫਿਰਦਾ ਭਾਲ।12

ਸ਼ਿਵ ਇਹ ਬਿਰਹਾ ਤੈਂਡੜਾ, ਸਾਧੂ, ਸੰਤ ਫ਼ਕੀਰ।

ਲੂਣਾ ਨੂੰ ਪੂਰਨ ਦਵੇ, ਤੇ ਰਾਂਝਣ ਨੂੰ ਹੀਰ।13

ਸ਼ਿਵ ਇਹ ਬਿਰਹਾ ਤੈਂਡੜਾ, ਕਹਿ ਕੇ ਲੱਗਾ ਰੋਣ।

ਲੂਣਾ ਵਰਗੇ ਲੇਖ ਨਾ, ਹੋਰ ਕਿਸੇ ਦੇ ਹੋਣ।14

ਸਾਰਥਕਤਾ (Relevance)

ਗਿੱਲ ਮੋਰਾਂਵਾਲੀ ਕਾਵਿ ਵਿੱਚ ਨਾਰੀ ਦੀ ਤ੍ਰਾਸਦਿਕ ਸਥਿਤੀ ਨੂੰ ਬਾਖੂਬੀ ਨਾਲ ਚਿਤਰਿਆ ਗਿਆ ਹੈ। ਧੀਆਂ ਦੇ ਜ਼ਜ਼ਬਾਤਾਂ ਦੀਆਂ ਭਾਵਨਾਵਾਂ, ਸਮਾਜਕ ਕੁਰੀਤੀਆਂ, ਗਲਤ ਕਦਰ-ਕੀਮਤਾਂ ਤੇ ਵਿਸੰਗਤੀਆਂ ਆਦਿ ਨੂੰ ਕਵਿਤਾ ਦੇ ਰੂਪ ਵਿੱਚ ਤਰਕ ਮਈ, ਸੂਝ ਤੇ ਸਿਆਣਪ ਨਾਲ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਡਾ. ਮਨਦੀਪ ਕੌਰ ਗਿੱਲ ਮੋਰਾਂਵਾਲੀ ਦੀ ਕਵਿਤਾ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ:

"ਗਿੱਲ ਮੋਰਾਂਵਾਲੀ ਕਾਵਿ ਦੀ ਮੌਲਿਕਤਾ ਜਿੱਥੇ ਲੂਣਾ ਦੀ ਮਿਥ ਨੂੰ ਅਜੋਕੇ ਸਮੇਂ ਦੇ ਸੰਦਰਭ ਵਿਚ ਨਵੇਂ ਅਰਥਾਂ ਵਿੱਚ ਬਿਆਨਣ ਤੋਂ ਸਫਲ ਹੋਈ ਹੈ। ਉਥੇ ਕਵੀ ਦਾ ਇਕ ਵਿਲੱਖਣ ਦ੍ਰਿਸ਼ਟੀਕੋਣ ਅਜੋਕੇ ਸਮੇਂ ਵਿੱਚ ਰਿਸ਼ਤਿਆਂ ਦੀਆਂ ਵਪਾਰਕ ਸਮੀਕਰਨਾਂ ਦੀਆਂ ਕਈ ਤਹਿਆਂ ਇਕੋ ਝਟਕੇ ਨਾਲ ਅਣਕਹੀਆਂ ਅਣਛੋਹੀਆਂ ਗੱਲਾਂ ਛੰਡ ਕੇ ਵੀ ਪਾਠਕਾਂ ਦੇ ਸਨਮੁੱਖ ਕਰਨ ਵਿੱਚ ਸਫਲ ਹੋਇਆ ਹੈ।"15

ਸਿੱਟਾ (Conclusion)

ਸਮੁੱਚੇ ਗਿੱਲ ਮੋਰਾਂਵਾਲੀ ਕਾਵਿ ਬਾਰੇ ਅੰਤ ਵਿੱਚ ਇਹ ਕਹਿ ਸਕਦੇ ਹਾਂ ਕਿ ਉਸਦੀ ਕਵਿਤਾ ਵਿੱਚ ਨਾਰੀ ਦੀ ਹੋਂਦ ਦੇ ਵਿਭਿੰਨ ਪ੍ਰਵਚਨ ਪੇਸ਼ ਹੋਏ ਹਨ ਜਿਹੜੇ ਨਾਰੀ ਨੂੰ ਹਾਸ਼ੀਆਗਤ ਸਥਿਤੀ ਤੋਂ ਕੇਂਦਰ ਵੱਲ ਲਿਆਉਣ ਲਈ ਅਗਰਸਰ ਹੁੰਦੇ ਹਨ। ਸਮੁੱਚੇ ਕਾਵਿ ਸੰਸਾਰ ਵਿੱਚ ਕੁੜੀ/ਧੀ ਜੰਮਣ ਨੂੰ ਅਪਸ਼ਗਨ ਸਮਝੇ ਜਾਂਦੇ ਅਮਾਨਵੀ ਅਨਿਆਂਪੂਰਨ ਵਤੀਰਿਆਂ ਦੀ ਨਿਖੇਧੀ ਕੀਤੀ ਹੈ। ਨਾਲ ਹੀ ਨਾਲ ਆਧੁਨਿਕ ਔਰਤ ਦੀ ਹੋਂਦ ਤੇ ਹੋਣੀ ਨੂੰ ਚਿਤਰਦੇ ਹੋਏ ਉਸ ਨੂੰ ਪਿਤਾ-ਪੁਰਖੀ ਮਾਪਦੰਡਾਂ ਅਤੇ ਬੰਧਨਾਂ ਦਾ ਵਿਰੋਧ ਕਰਕੇ, ਉਨ੍ਹਾਂ ਤੋਂ ਮੁਕਤ ਹੋਣ ਦਾ ਪ੍ਰਵਚਨ ਵੀ ਸਿਰਜਿਆ ਹੈ। ਲੋਕਪੱਖੀ ਸਮਾਜ ਦੀ ਸਿਰਜਣਾ ਕਰਦਾ ਹੋਇਆ ਧੀਆਂ ਨੂੰ ਆਜ਼ਾਦ ਹੋਣ ਦਾ ਹੋਕਾ ਦਿੰਦਾ ਹੈ। ਗਿੱਲ ਮੋਰਾਂਵਾਲੀ ਨਾਰੀ ਦੀ ਸੰਵੇਦਨਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਾ ਹੋਇਆ ਸਮਾਜ ਵਿੱਚ ਨਾਰੀ ਅਤੇ ਮਰਦ ਦੀ ਬਰਾਬਰੀ ਦਾ ਸੰਕਲਪ ਸਿਰਜਦਾ ਹੋਇਆ ਕਾਮਨਾ ਕਰਦਾ ਹੈ। ਔਰਤ ਦੇ ਮਨੋਭਾਵਾਂ ਨੂੰ ਅਭਿਵਿਅਕਤ ਕਰਨ ਵਾਲੇ ਗਿੱਲ ਮੋਰਾਂਵਾਲੀ ਨੇ ਪੰਜਾਬੀ ਕਾਵਿ ਜਗਤ ਦੇ ਸਾਰੇ ਕਵੀਆਂ ਤੋਂ ਵੱਖਰੀ ਕਿਸਮ ਦੀ ਰਚਨਾ ਕਰਕੇ ਨਵੀਆਂ ਪੈੜਾਂ ਦੀ ਤਲਾਸ਼ ਦਾ ਸਫ਼ਰ ਆਰੰਭਿਆ ਹੈ। ਨਾਰੀ ਮੁਖੀ ਚੇਤਨਾ ਅਤੇ ਨਾਰੀ ਚਿੰਤਨ ਦੀਆਂ ਹੋਰ ਵੀ ਨਵੀਆਂ ਸੰਭਾਵਨਾਵਾਂ ਉਜਾਗਰ ਹੁੰਦੀਆਂ ਹਨ।

ਹਵਾਲੇ ਅਤੇ ਟਿੱਪਣੀਆਂ

1. ਡਾ. ਭਗਵੰਤ ਸਿੰਘ ਅਤੇ ਡਾ. ਰਮਿੰਦਰ ਕੌਰ, ਗਿੱਲ ਮੋਰਾਂਵਾਲੀ ਰਚਨਾ ਤੇ ਸਮਾਜਕ ਸਾਥੇਪਤਾ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2017, ਪੰਨਾ 402
2. ਗਿੱਲ ਮੋਰਾਂਵਾਲੀ, ਮੌਸਮ ਦਾ ਸੰਤਾਪ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2004, ਪੰਨਾ 103
3. ਹੀ, ਪੰਨਾ 101
4. ਹੀ, ਸੁਣ ਮਾਏ ਸੁਣ ਬਾਬਲਾ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2011, ਪੰਨਾ 11
5. ਹੀ, ਮੌਸਮ ਦਾ ਸੰਤਾਪ, ਪੰਨਾ 52

ISSN: 0976-5301
Peer Reviewed & Refereed Journal (IF: 7.85)
Journal Website www.coherencejournal.in

6. ਹੀ, ਪੰਨਾ 32
7. ਹੀ, ਪੰਨਾ 37
8. ਡਾ. ਭੂਪਿੰਦਰ ਕੌਰ, ਗਿੱਲ ਮੋਰਾਂਵਾਲੀ ਦੀ ਸ਼ਾਇਰੀ: ਚਿੰਤਨ ਤੇ ਕਲਾ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2013, ਪੰਨਾ 36
9. ਗਿੱਲ ਮੋਰਾਂਵਾਲੀ, ਅੰਮੀ ਜਾਈ ਕੀ ਕਰੇ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2009, ਪੰਨਾ 1
10. ਹੀ, ਬੇਟੀ ਹਾਣੀ ਮੰਗਦੀ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2013, ਪੰਨਾ 112
11. ਹੀ, ਸੁੱਚਾ ਬਿਰਹਾ ਤੈਂਡੜਾ (ਸ਼ਿਵ ਨੂੰ ਯਾਦ ਕਰਦਿਆਂ), ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2014, ਪੰਨਾ 62
12. ਹੀ, ਪੰਨਾ 83
13. ਹੀ, ਪੰਨਾ 76
14. ਹੀ, ਪੰਨਾ 73
15. ਡਾ. ਰਾਜਵੰਤ ਕੌਰ ਪੰਜਾਬੀ (ਸੰਪਾ.), ਸੁੱਚਾ ਬਿਰਹਾ ਤੈਂਡੜਾ ਦਾ ਥੀਮਕ ਅਧਿਐਨ, ਤਰਲੋਚਨ ਪਬਲਿਸ਼ਰਜ, ਚੰਡੀਗੜ੍ਹ, 2015, ਪੰਨਾ 128